CAREERINDIA

**72/C**

**620/C**

Roll No. : . ............

Total No. of Questions : 13 ]  [ Total No. of Printed Pages : 4

# X

## 2023-24

## ਸਲਾਨਾ ਪਰੀਖਿਆ ਪ੍ਰਨਾਲ਼ੀ

# PUNJABI

## Paper-B

## (Morning Session)

**Time Allowed : 3 Hours**  **Maximum Marks : 65**

**ਨੋਟ :** (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ ਪੇਪਰ-ਕੋਡ 72/C ਜ਼ਰੂਰ ਦਰਜ ਕਰੋ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 24 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਕੋਈ ਵਾਧੂ ਸ਼ੀਟ ਨਹੀਂ ਮਿਲ਼ੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।

(v) 05 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ । ਪ੍ਰਸ਼ਨ ਨੰ. 1 ਸੁੰਦਰ ਲਿਖਾਈ ਲਈ ਰਾਖਵਾਂ ਹੈ ।

(vi) ਪ੍ਰਸ਼ਨ-ਪੱਤਰ ਵਿੱਚ ਕੁੱਲ 13 ਪ੍ਰਸ਼ਨ ਹਨ ।

(vii) **ਸਾਰੇ ਪ੍ਰਸ਼ਨ ਜ਼ਰੂਰੀ ਹਨ ।**



https://www.punjabboardonline.com

CAREERINDIA

1. ਇਹ ਪ੍ਰਸ਼ਨ ਸੁੰਦਰ ਲਿਖਾਈ ਲਈ ਰਾਖਵਾਂ ਹੈ । 5

2. ਵਸਤੂਨਿਸ਼ਠ ਪ੍ਰਸ਼ਨ : 10×1=10

(ੳ) 'ਫ਼ਕੀਰ' ਸ਼ਬਦ ਦਾ ਇਸਤਰੀ–ਲਿੰਗ ਰੂਪ ਲਿਖੋ । 1

(ਅ) 'ਉਹ ਕਮਰੇ ਵਿੱਚ ਪੜ੍ਹ ਰਿਹਾ ਹੈ ।' ਵਾਕ ਵਿੱਚ ਕਿਹੜਾ ਕਾਲ–ਰੂਪ ਹੈ । 1

(ੲ) ਵਿਆਕਰਨ ਦੇ ਕਿਸ ਭਾਗ ਅਧੀਨ ਭਾਸ਼ਾਈ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ ? 1

(ਸ) ਗੁਰਮੁਖੀ ਲਿਪੀ ਵਿੱਚ ਕਿੰਨੀਆਂ ਲਗਾਂ ਦੀ ਵਰਤੋਂ ਕੀਤੀ ਜਾਂਦੀ ਹੈ ? 1

(ਹ) ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਵਰਤੇ ਜਾਂਦੇ ਚਿੰਨ੍ਹਾਂ ਨੂੰ ਕੀ ਕਹਿੰਦੇ ਹਨ ? 1

(ਕ) 'ਸਾਰਿਆਂ ਦੀ ਸਾਂਝੀ, ਮਿਲ਼ਵੀਂ ਰਾਏ' ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ । 1

(ਖ) 'ਸੁਆਰਨਾ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ । 1

(ਗ) ਮਨ ਦੀ ਖ਼ੁਸ਼ੀ, ਗ਼ਮੀ, ਹੈਰਾਨੀ ਆਦਿ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਲ਼ੇ ਸ਼ਬਦਾਂ ਨੂੰ ਕੀ ਕਹਿੰਦੇ ਹਨ ? 1

(ਘ) 'ਉਪਕਾਰ' ਦਾ ਸਮਾਨਾਰਥਕ ਸ਼ਬਦ ਲਿਖੋ । 1

(ਙ) 'ਆਪ ਅੱਜ–ਕੱਲ੍ਹ ਕੀ ਕਰਦੇ ਹੋ ?' ਇਸ ਵਾਕ ਵਿੱਚ 'ਆਪ' ਸ਼ਬਦ ਕਿਸ ਪ੍ਰਕਾਰ ਦਾ ਪੜਨਾਂਵ ਹੈ ? 1

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉੱਤੇ ਲਗ–ਪਗ 400 ਸ਼ਬਦਾਂ ਦਾ ਲੇਖ ਲਿਖੋ । 10

(ੳ) ਸਾਡੇ ਮੇਲੇ ਅਤੇ ਤਿਉਹਾਰ

(ਅ) ਨਸ਼ਾ ਨਾਸ ਕਰਦਾ ਹੈ

(ੲ) ਭਰੂਣ–ਹੱਤਿਆ

(ਸ) ਮੋਬਾਈਲ ਫ਼ੋਨ ਦਾ ਵਧਦਾ ਰੁਝਾਨ

(ਹ) ਡਾ. ਭੀਮ ਰਾਓ ਅੰਬੇਦਕਰ

4. ਤੁਹਾਡੇ ਪਿੰਡ ਦਾ ਕੋਈ ਨੇੜਲਾ ਵਿਅਕਤੀ ਵਿਦੇਸ਼ ਗਿਆ ਹੈ । ਇੱਕ ਪੱਤਰ ਰਾਹੀਂ ਉਸ ਨੂੰ ਉਸ ਦੇ ਜਾਣ ਪਿੱਛੋਂ ਆਪਣੇ ਪਿੰਡ ਵਿੱਚ ਆਈਆਂ ਤਬਦੀਲੀਆਂ ਬਾਰੇ ਦੱਸੋ । 2+3+1=6

**ਜਾਂ**

ਅਖ਼ਬਾਰ ਦੇ ਸੰਪਾਦਕ ਨੂੰ ਵਿਦਿਆਰਥੀ ਜੀਵਨ ਵਿੱਚ ਮੋਬਾਈਲ ਫ਼ੋਨ ਦੀ ਦੁਰਵਰਤੋਂ ਸੰਬੰਧੀ ਪੱਤਰ ਲਿਖੋ ।



https://www.punjabboardonline.com

CAREERINDIA

5. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਲਗ-ਪਗ **ਇੱਕ ਤਿਹਾਈ** ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ : 4+1=5

ਵਿੱਦਿਆ ਪੜ੍ਹਨ ਨਾਲ ਮਨ ਪ੍ਰਸੰਨ ਹੁੰਦਾ ਹੈ, ਗੱਲ-ਬਾਤ ਵਿੱਚ ਸਲੀਕਾ ਆਉਂਦਾ ਹੈ ਅਤੇ ਲਿਆਕਤ ਵੀ ਵਧਦੀ ਹੈ । ਵਿਹਲੇ ਸਮੇਂ ਵਿੱਦਿਆ ਪੜ੍ਹਨ ਦਾ ਮੁੱਖ ਉਪਯੋਗ ਉਸ ਦੁਆਰਾ ਅਨੰਦ ਪ੍ਰਾਪਤ ਕਰਨ ਵਿੱਚ ਹੁੰਦਾ ਹੈ । ਵਿੱਦਿਆ ਪੜ੍ਹਨ ਨਾਲ਼ ਮਨੁੱਖ ਦੇ ਸੁਭਾਵਿਕ ਗੁਣ ਹੋਰ ਵਿਕਸਿਤ ਹੁੰਦੇ ਹਨ ਅਤੇ ਅਨੁਭਵ ਨਾਲ਼ ਖ਼ੁਦ ਵਿੱਦਿਆ ਦਾ ਅਭਿਆਸ ਪੂਰਨਤਾ ਨੂੰ ਪਹੁੰਚਦਾ ਹੈ । ਮਨੁੱਖ ਦੀ ਸੁਭਾਵਿਕ ਬੁੱਧ ਆਪਣੇ-ਆਪ ਉੱਗਣ ਵਾਲ਼ੇ ਬੂਟਿਆਂ ਵਾਂਗ ਹੈ । ਇਸ ਤਰ੍ਹਾਂ ਦੇ ਬੂਟਿਆਂ ਨੂੰ ਛਾਂਗਣ ਨਾਲ਼ ਜਿਸ ਤਰ੍ਹਾਂ ਉਹ ਵਧੇਰੇ ਬਲਵਾਨ ਹੁੰਦੇ ਹਨ, ਉਸੇ ਤਰ੍ਹਾਂ ਦਾ ਕੰਮ ਵਿੱਦਿਆ ਕਰਦੀ ਹੈ । ਵਿੱਦਿਆ ਪੜ੍ਹਨ ਨਾਲ਼ ਕਈ ਤਰ੍ਹਾਂ ਦੇ ਨਿਯਮ ਪਤਾ ਚੱਲਦੇ ਹਨ ਪਰੰਤੂ ਕਿਸੇ ਨਿਯਮ ਨੂੰ ਕਿੱਥੇ ਅਤੇ ਕਿਸ ਤਰ੍ਹਾਂ ਕੰਮ ਵਿੱਚ ਲਿਆਉਣਾ ਚਾਹੀਦਾ ਹੈ, ਇਹ ਅਨੁਭਵ ਨਾਲ਼ ਹੀ ਸਮਝ ਵਿੱਚ ਆਉਂਦਾ ਹੈ । ਮੂਰਖ ਲੋਕ ਵਿੱਦਿਆ ਦਾ ਨਿਰਾਦਰ ਕਰਦੇ ਹਨ ਅਤੇ ਬੁੱਧੀਮਾਨ ਲੋਕ ਉਸ ਨੂੰ ਕੰਮ ਵਿੱਚ ਲਿਆਉਂਦੇ ਹਨ । ਵਿੱਦਿਆ ਦਾ ਉਪਯੋਗ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ ? ਇਹ ਗੱਲ ਕੇਵਲ ਪੜ੍ਹਨ ਨਾਲ਼ ਹੀ ਨਹੀਂ ਜਾਣੀ ਜਾ ਸਕਦੀ, ਇਸ ਨੂੰ ਜਾਣਨ ਲਈ ਵਿੱਦਿਆ ਦੇ ਨਾਲ-ਨਾਲ਼ ਬੁੱਧੀ ਦੀ ਵੀ ਲੋੜ ਪੈਂਦੀ ਹੈ ਕਿਉਂਕਿ ਵਿੱਦਿਆ ਦਾ ਵਿਕਾਸ ਅਨੁਭਵ ਨਾਲ਼ ਹੁੰਦਾ ਹੈ । ਇਸ ਲਈ ਉਸ ਨੂੰ ਵਰਤੋਂ ਵਿੱਚ ਲਿਆਉਣ ਲਈ ਅਨੁਭਵ ਪ੍ਰਾਪਤ ਕਰਨਾ ਵੀ ਬਹੁਤ ਜ਼ਰੂਰੀ ਹੁੰਦਾ ਹੈ ।

6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੇਵਲ **ਤਿੰਨ** ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ : 3×2=6

(ੳ) ਵਕਤ ਨੂੰ ਧੱਕਾ ਦੇਣਾ https://www.punjabboardonline.com

(ਅ) ਲਹੂ-ਪਸੀਨਾ ਇੱਕ ਕਰਨਾ

(ੲ) ਰੰਗ ਬੰਨ੍ਹਣਾ

(ਸ) ਮੱਥਾ ਠਣਕਣਾ

(ਹ) ਭਾਂ-ਭਾਂ ਕਰਨਾ

(ਕ) ਬਲ਼ਦੀ ਉੱਤੇ ਤੇਲ ਪਾਉਣਾ

7. ਵਿਸਰਾਮ-ਚਿੰਨ੍ਹ ਲਾ ਕੇ ਦੁਬਾਰਾ ਲਿਖੋ : 6×½=3

ਤਾਏ ਨੇ ਕਿਹਾ ਖੇਤੀ ਮਸ਼ੀਨੀ ਹੋ ਗਈ ਹੈ ਥਾਂ ਥਾਂ ਟਿਊਬਵੈੱਲ ਤੇ ਟ੍ਰੈਕਟਰ ਚੱਲ ਰਹੇ ਹਨ ਪਿੰਡਾਂ ਦੀ ਨੁਹਾਰ ਬਦਲ ਗਈ ਹੈ



https://www.punjabboardonline.com

CAREERINDIA

8. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) (1) ਮਲਵਈ ਉਪਭਾਸ਼ਾ ਕਿਹੜੇ-ਕਿਹੜੇ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ ? 2+2=4

(2) ਭਾਸ਼ਾ ਕਿਸ ਨੂੰ ਕਹਿੰਦੇ ਹਨ ?

(ਅ) ਅਜੋਕੀ ਪੰਜਾਬੀ ਵਿੱਚ ਕਿਹੜੀਆਂ ਧੁਨੀਆਂ ਨਾਲ਼ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ ? 2

9. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ : 1+1=2

(ੳ) ਉਹ ਕਿਹੜਾ ਅੱਖਰ ਹੈ ਜਿਸ ਦੇ ਨਾਲ਼ ਹੋੜਾ ਲਗ ਲਾਉਣ ਲਈ ਉਸ ਅੱਖਰ ਦਾ ਮੂੰਹ ਖੁੱਲ੍ਹਾ ਕਰ ਦਿੱਤਾ ਜਾਂਦਾ ਹੈ ?

(ਅ) ਗੁਰਮੁਖੀ ਲਿਪੀ ਵਿੱਚ ਦੁੱਤ ਅੱਖਰ ਕਿਹੜੇ-ਕਿਹੜੇ ਹਨ ?

10. (ੳ) ਯੋਜਕ ਜਾਂ ਕਿਰਿਆ ਕਿਸ ਨੂੰ ਆਖਦੇ ਹਨ ? ਉਦਾਹਰਨਾਂ ਸਹਿਤ ਲਿਖੋ। 2

(ਅ) ਵਿਸਮਕ ਦੀਆਂ ਕੋਈ ਦੋ ਕਿਸਮਾਂ ਉਦਾਹਰਨਾਂ ਸਹਿਤ ਲਿਖੋ। 2

11. ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ **ਦੋ** ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ : 2

ਬਿੱਲੀ ਨੇ ਚੂਹਾ ਮਾਰ ਦਿੱਤਾ ਸੀ।

12. ਹੇਠ ਲਿਖੇ ਵਾਕ ਨੂੰ ਭੂਤ-ਕਾਲ ਅਤੇ ਭਵਿਖਤ-ਕਾਲ ਵਿੱਚ ਬਦਲਣ ਉਪਰੰਤ **ਦੋ** ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ : 2

ਉਹ ਖੇਡਦੀਆਂ ਹਨ।

13. (ੳ) ਬਹੁਤੇ ਸ਼ਬਦਾਂ ਲਈ **ਇੱਕ** ਢੁਕਵਾਂ ਸ਼ਬਦ ਲਿਖੋ : 1

ਮੌਤ ਪਿੱਛੋਂ ਆਇਆ ਸਲਾਨਾ ਮੌਤ ਦਾ ਦਿਨ

(ਅ) 'ਠਰ੍ਹੰਮਾ' ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ। 1

(ੲ) 'ਵਾਰ' ਸ਼ਬਦ ਦੇ **ਦੋ** ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ। 2

---



https://www.punjabboardonline.com